NHS
Sandwell and West Birmingham
NHS Trust

# Extended Spectrum Beta Lactamases (ESBL)

*ਮਰੀਜ਼ਾਂ ਲਈ ਜਾਣਕਾਰੀ ਅਤੇ ਸਲਾਹ*

## ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤਰਣ



Where
EVERYONE
Matters

ਜੇਕਰ ਤੁਸੀ ਇਸ ਲੀਫਲੈਟ ਵਿੱਚ ਕੋਈ ਸੋਧ ਜਾ ਸੁਧਾਰ ਦਾ ਸੁਝਾਅ ਦੇਣਾ ਚਾਹੁੰਦੇ ਹੋ ਤਾ ਕਿਰਪਾ ਕਰਕੇ ਐਕਸਟੈਂਸ਼ਨ 3587 ਤੇ SWB ਲਾਇਬ੍ਰੇਰੀ ਸਰਵਸਿਸ ਨਾਲ ਸੰਪਰਕ ਕਰੋ ਜਾਂ swbh.library@nhs.net ਤੇ ਈਮੇਲ ਕਰੋ।

Health & care information you can trust
The Information Standard — Certified Member

A Teaching Trust of The University of Birmingham
Incorporating City, Sandwell and Rowley Regis Hospitals
© Sandwell and West Birmingham Hospitals NHS Trust
ML5004
Issue Date: February 2023
Review Date: February 2026

## ESBLs ਕੀ ਹਨ?

ਐਕਸਟੈਂਡਡ ਸਪੈਕਟ੍ਰਮ ਬੀਟਾ ਲੈਕਟਾਮੇਸਿਜ਼ (ESBL) ਬੱਗ (ਬੈਕਟੀਰੀਆ) ਹਨ ਜੋ ਅੰਤੜੀ ਵਿੱਚ ਰਹਿੰਦੇ ਹਨ ਅਤੇ ਇਹਨਾ ਦਾ ਇਲਾਜ ਆਮ ਤੌਰ ਤੇ ਵਰਤੀਆ ਜਾਂਦੀਆ ਐਂਟੀਬਾਇਓਟਿਕਸ ਦੁਆਰਾ ਨਹੀ ਕੀਤਾ ਜਾ ਸਕਦਾ ਹੈ।

## ਕੀ ESBL ਹਾਨੀਕਾਰਕ ਹੋ ਸਕਦੇ ਹਨ?

ਜ਼ਿਆਦਾਤਰ ਮਰੀਜ਼ਾ ਲਈ, ESBL ਅੰਤੜੀ ਵਿੱਚ ਨੁਕਸਾਨਦੇਹ ਰਹਿੰਦੇ ਹਨ ਅਤੇ ਇਨਫੈਕਸ਼ਨ ਦਾ ਕਾਰਨ ਨਹੀ ਬਣਦੇ। ਹਾਲਾਂਕਿ, ਕਈ ਵਾਰ ESBL ਮਰੀਜ਼ਾਂ ਵਿੱਚ ਇਨਫੈਕਸ਼ਨ ਦਾ ਕਾਰਨ ਬਣ ਸਕਦੇ ਹਨ, ਉਦਾਹਰਨ ਲਈ ਜਦੋ ਉਹਨਾ ਨੂੰ ਇਨਟੈਨਸਿਵ ਕੇਅਰ ਦੀ ਲੋੜ ਹੁੰਦੀ ਹੈ ਜਾ ਕੀਮੋਥੈਰੇਪੀ ਪ੍ਰਾਪਤ ਕਰਦੇ ਸਮੇ। ESBL ਇਨਫੈਕਸ਼ਨ ਦੇ ਇਲਾਜ ਲਈ ਐਂਟੀਬਾਇਓਟਿਕਸ ਦੀ ਲੋੜ ਹੁੰਦੀ ਹੈ। ESBLs ਇਨਫੈਕਸ਼ਨ ਦਾ ਕਾਰਨ ਬਣ ਸਕਦੇ ਹਨ, ਜਿਵੇ ਕਿ ਗੁਰਦੇ, ਜ਼ਖ਼ਮ ਜਾਂ ਗੰਭੀਰ ਮਾਮਲਿਆ ਵਿੱਚ, ਖ਼ੂਨ ਦਾ ਇਨਫੈਕਸ਼ਨ ,ਗੁਰਦੇ ਦਾ ਇਨਫੈਕਸ਼ਨ ,ਜ਼ਖ਼ਮ ਦਾ ਇਨਫੈਕਸ਼ਨ। ਜੇਕਰ ਇੱਕ ਮਰੀਜ਼ ਨੂੰ ਇਨਫੈਕਸ਼ਨ ਦਾ ਖ਼ਤਰਾ ਹੈ ਅਤੇ ਇਨਫੈਕਸ਼ਨ ESBLs ਦੇ ਕਾਰਨ ਹੁੰਦੀ ਹੈ, ਤਾ ਇਸਦਾ ਇਲਾਜ ਕਰਨਾ ਵਧੇਰੇ ਮੁਸ਼ਕਲ ਹੋ ਸਕਦਾ ਹੈ, ਕਿਉਂਕਿ ਆਮ ਤੌਰ ਤੇ ਵਰਤੀਆ ਜਾਣ ਵਾਲੀਆ ਬਹੁਤ ਸਾਰੀਆ ਐਂਟੀਬਾਇਓਟਿਕਸ ESBLs ਦੇ ਵਿਰੁੱਧ ਕੰਮ ਨਹੀ ਕਰਦੀਆ । ਡਾਕਟਰਾਂ ਨੂੰ ਜਿੰਨੀ ਜਲਦੀ ਹੋ ਸਕੇ ਇਹ ਜਾਣਨ ਦੀ ਜ਼ਰੂਰਤ ਹੁੰਦੀ ਹੈ ਕਿ ਕੀ ਮਰੀਜ਼ ਨੂੰ ESBL ਹੈ ਤਾਂ ਜੋ ਇਨਫੈਕਸ਼ਨ ਦੇ ਇਲਾਜ ਲਈ ਸਭ ਤੋ ਪ੍ਰਭਾਵਸ਼ਾਲੀ ਐਂਟੀਬਾਇਓਟਿਕਸ ਦੀ ਚੋਣ ਕੀਤੀ ਜਾ ਸਕੇ।

## ਲੋਕ ESBLs ਕਿਵੇ ਪ੍ਰਾਪਤ ਕਰਦੇ ਹਨ?

ਜਿਹੜੇ ਮਰੀਜ਼ ਪਹਿਲਾ ਹੀ ਬਹੁਤ ਸਾਰੀਆ ਐਂਟੀਬਾਇਓਟਿਕਸ ਲੈ ਚੁੱਕੇ ਹਨ, ਉਹਨਾਂ ਨੂੰ ESBL ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ। ਇਸਦਾ ਕਾਰਨ ਇਹ ਹੈ ਕਿ ਬੱਗ ਐਂਟੀਬਾਇਓਟਿਕਸ ਦੇ ਵਧੇਰੇ ਸੰਪਰਕ ਵਿੱਚ ਹੁੰਦੇ ਹਨ, ਅਤੇ ਇਸਲਈ ਐਂਟੀਬਾਇਓਟਿਕ ਪ੍ਰਤੀ 'ਵਿਰੋਧ' ਵਿਕਸਿਤ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ, ਤਾਂ ਜੋ ਐਂਟੀਬਾਇਓਟਿਕ ਹੁਣ ਕੰਮ ਨਾ ਕਰੇ।

ESBL ਮਰੀਜ਼ਾਂ, ਸਿਹਤ ਸੰਭਾਲ ਸਟਾਫ਼ ਜਾ ਵਿਜ਼ਟਰਾਂ ਨੂੰ ਹੋ ਸਕਦਾ ਹੈ ਜਾਂ ਤਾ ਨੁਕਸਾਨਦੇਹ ਜਾਂ ਉਹਨਾ ਨੂੰ ESBL ਦਾ ਇਨਫੈਕਸ਼ਨ ਹੋ ਸਕਦਾ ਹੈ। ESBLs ਇੱਕ ਦੂਜੇ ਨਾਲ ਸਿੱਧੇ ਸੰਪਰਕ ਦੁਆਰਾ ਜਾਂ ਉਹਨਾਂ ਚੀਜ਼ਾਂ ਜਾ ਸਤਹਾਂ ਨੂੰ ਛੂਹਣ ਦੁਆਰਾ ਮਰੀਜ਼ਾਂ ਵਿੱਚ ਫੈਲ ਸਕਦੇ ਹਨ ਜਿਹਨਾਂ ਨੂੰ ESBL ਵਾਲੇ ਵਿਅਕਤੀ ਨੇ ਛੂਹਿਆ ਹੋਵੇ, ਜਿਵੇਂ ਕਿ ਮੰਜੇ ਦੇ ਡੰਡੇ, ਟਾਇਲਟ ਜਾ ਉਪਕਰਣ। ਜਿਵੇ ਕਿ ਹਸਪਤਾਲ ਵਿੱਚ ਰਹਿਣ ਵਾਲੇ ਮਰੀਜ਼ਾਂ ਨੂੰ ਆਪਣੇ ਘਰਾਂ ਵਿੱਚ ਰਹਿਣ ਵਾਲੇ ਮਰੀਜ਼ਾਂ ਨਾਲੋਂ ਜ਼ਿਆਦਾ ਇਨਫੈਕਸ਼ਨ ਹੋਣ ਦਾ ਖਤਰਾ ਹੁੰਦਾ ਹੈ, ਹਸਪਤਾਲ ਵਿੱਚ ਮਰੀਜ਼ਾਂ ਵਿਚਕਾਰ ESBL ਦੇ ਫੈਲਣ ਨੂੰ ਰੋਕਣ ਲਈ ਵਿਸ਼ੇਸ਼ ਸਾਵਧਾਨੀਆਂ ਦੀ ਲੋੜ ਹੁੰਦੀ ਹੈ।



## ਨੋਟ

## ਇਸ ਪਰਚੇ ਵਿੱਚ ਜਾਣਕਾਰੀ ਲਈ ਸਰੋਤ ਵਰਤੇ ਗਏ ਹਨ

Public Health England (2014). Extended-spectrum beta-lactamases (ESBLs): guidance, data, analysis. [Online] Available at: https://www. gov.uk/government/collections/extended-spectrum-beta-lactamases-esbls-guidance-data-analysis (Accessed 30 January 2023).

UK Health Security Agency. *GOV.UK*. [Online]. Available at: https://www.gov.uk/government/organisations/uk-health-security-agency (Accessed 14 February 2023).



## ESBL ਵਾਲੇ ਮਰੀਜ਼ਾਂ ਲਈ ਵਿਸ਼ੇਸ਼ ਸਾਵਧਾਨੀਆ ਕੀ ਹਨ?

ਵਾਰਡ ਵਿੱਚ ਮਰੀਜ਼ਾਂ ਵਿਚਕਾਰ ESBL ਨੂੰ ਫੈਲਣ ਤੇ ਰੋਕਣ ਲਈ ਵਿਸ਼ੇਸ਼ ਸਾਵਧਾਨੀਆ ਤਿਆਰ ਕੀਤੀਆ ਗਈਆ ਹਨ। ਜੇਕਰ ਤੁਹਾਨੂੰ ESBLs ਹੋਣ ਦਾ ਸਕਾਰਾਤਮਕ ਟੈਸਟ ਦਾ ਨਤੀਜਾ ਹੈ, ਤਾ ਇਹ ਫੈਸਲਾ ਕਰਨ ਲਈ ਧਿਆਨ ਨਾਲ ਜਾਂਚ ਕੀਤੀ ਜਾਵੇਗੀ ਕਿ ਤੁਹਾਨੂੰ ਆਪਣੇ ਖੁਦ ਦੇ ਟਾਇਲਟ ਜਾਂ ਕਮੋਡ ਵਾਲੇ ਅਲਗ ਕਮਰੇ ਵਿੱਚ ਦੇਖਭਾਲ ਕਰਨ ਦੀ ਲੋੜ ਹੈ। ਜੇ ESBLs ਨੂੰ ਜ਼ਖ਼ਮ ਦੇ ਸਵੈਬ ਵਿੱਚ ਜਾ ਪਿਸ਼ਾਬ ਕੈਥੀਟਰ ਤੇ ਲਏ ਗਏ ਪਿਸ਼ਾਬ ਤੋਂ ਪਾਇਆ ਜਾਂਦਾ ਹੈ ਜਾ ਜੇਕਰ ਤੁਹਾਨੂੰ ਦਸਤ ਹਨ, ਤਾ ਤੁਹਾਡੀ ਦੇਖਭਾਲ ਇੱਕ ਅਲੱਗ-ਥਲੱਗ ਕਮਰੇ ਵਿੱਚ ਕੀਤੀ ਜਾ ਸਕਦੀ ਹੈ।

ESBL ਦਸਤ ਦਾ ਕਾਰਨ ਨਹੀ ਬਣਦੇ ਪਰ ਕਿਉਂਕਿ ਉਹ ਅੰਤੜੀਆਂ ਵਿੱਚ ਰਹਿੰਦੇ ਹਨ, ਜੇਕਰ ਤੁਸੀ ਦਸਤ ਨਾਲ ਪੀੜਤ ਹੋ ਤਾ ਉਹ ਹੋਰ ਆਸਾਨੀ ਨਾਲ ਫੈਲ ਸਕਦੇ ਹਨ। ਸਟਾਫ਼ ਤੁਹਾਡੇ ਸੰਪਰਕ ਵਿੱਚ ਆਉਣ ਤੇ ਪਹਿਲਾ,ਆਪਣੇ ਹੱਥਾਂ ਅਤੇ ਕੱਪੜਿਆਂ ਨੂੰ ESBLs ਤੇ ਬਚਾਉਣ ਲਈ ਦਸਤਾਨੇ ਅਤੇ ਐਪਰਨ ਪਹਿਨੇਗਾ। ਮਰੀਜ਼ਾਂ, ਸਟਾਫ਼ ਅਤੇ ਮਹਿਮਾਨਾਂ ਨੂੰ ਹੱਥਾ ਦੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਸਾਰੇ ਸਟਾਫ਼ ਨੂੰ ਹਰ ਮਰੀਜ਼ ਨਾਲ ਸੰਪਰਕ ਕਰਨ ਤੇ ਪਹਿਲਾ ਅਤੇ ਬਾਅਦ ਵਿੱਚ ਆਪਣੇ ਹੱਥ ਸਾਫ਼ ਕਰਨੇ ਚਾਹੀਦੇ ਹਨ, ਭਾਵੇ ਉਹਨਾ ਕੋਲ ESBL ਹੈ ਜਾ ਨਹੀ। ਜੇਕਰ ਮਹਿਮਾਨ ਤੁਹਾਡੀ ਸਰੀਰਕ ਦੇਖਭਾਲ ਵਿੱਚ ਮਦਦ ਕਰ ਰਹੇ ਹਨ, ਤਾਂ ਨਰਸਿੰਗ ਸਟਾਫ ਸਲਾਹ ਦੇਵੇਗਾ ਕਿ ਵਾਧੂ ਸਾਵਧਾਨੀਆਂ ਦੀ ਲੋੜ ਹੈ, ਜਿਵੇ ਕਿ ਦਸਤਾਨੇ ਅਤੇ ਐਪਰਨ ਪਹਿਨਣ।

## ਮੈ ਕਿਵੇ ਮਦਦ ਕਰ ਸਕਦਾ ਹਾਂ?

ਜੇਕਰ ਤੁਸੀ ਡਾਕਟਰ, ਕਿਸੇ ਹੋਰ ਕਲੀਨਿਕ, ਹਸਪਤਾਲ ਜਾ ਨਰਸਿੰਗ ਹੋਮ ਕੋਲ ਜਾਂਦੇ ਹੋ, ਤਾ ਉਹਨਾ ਨੂੰ ਦੱਸੋ ਕਿ ਤੁਸੀ ESBL ਲਈ ਸਕਾਰਾਤਮਕ ਟੈਸਟ ਕੀਤਾ ਹੈ। ਫਿਰ ਉਹ ਇਨਫੈਕਸ਼ਨ ਨੂੰ ਹੋਰ ਮਰੀਜ਼ਾਂ ਵਿੱਚ ਫੈਲਣ ਤੇ ਰੋਕਣ ਲਈ ਵਿਸ਼ੇਸ਼ ਸਾਵਧਾਨੀ ਵਰਤ ਸਕਦੇ ਹਨ ਜੋ ਵਧੇਰੇ ਸੰਭਾਵਿਤ ਹੋ ਸਕਦਾ ਹੈ।

## ਕੀ ਹੁੰਦਾ ਹੈ ਜਦੋ ਮੈ ਹਸਪਤਾਲ ਛੱਡਣ ਲਈ ਤਿਆਰ ਹੁੰਦਾ ਹਾਂ?

ਜਿਵੇ ਹੀ ਤੁਹਾਡਾ ਡਾਕਟਰ ਕਹਿੰਦਾ ਹੈ ਕਿ ਤੁਸੀ ਤਿਆਰ ਹੋ ਤੁਸੀ ਘਰ ਜਾ ਸਕਦੇ ਹੋ, ਭਾਵੇ ਤੁਹਾਨੂੰ ਇਨਫੈਕਸ਼ਨ ਹੈ ਕਿਉਂਕਿ ESBL ਲੈ ਕੇ ਜਾਣ ਨਾਲ ਤੁਹਾਡੇ ਡਿਸਚਾਰਜ ਤੇ ਕੋਈ ਅਸਰ ਨਹੀ ਪਵੇਗਾ। ਜੇਕਰ ਤੁਸੀ ਕਿਸੇ ਹੋਰ ਹਸਪਤਾਲ ਜਾਂ ਨਰਸਿੰਗ ਹੋਮ ਵਿੱਚ ਜਾ ਰਹੇ ਹੋ, ਤਾ ਤੁਹਾਡੀ ਨਰਸ ਜਾ ਡਾਕਟਰ ਉਹਨਾਂ ਨੂੰ ਤੁਹਾਡੇ ਸਕਾਰਾਤਮਕ ESBL ਨਤੀਜੇ ਬਾਰੇ ਦੱਸੇਗਾ ਤਾ ਜੋ ਉਹ ਇਸਨੂੰ ਦੂਜੇ ਮਰੀਜ਼ਾਂ ਵਿੱਚ ਫੈਲਣ ਤੇ ਰੋਕ ਸਕਣ।

## ਜਦੋ ਮੈ ਘਰ ਜਾਂਦਾ ਹਾ ਤਾਂ ਕੀ ਹੁੰਦਾ ਹੈ?

ਘਰ ਵਿੱਚ ਖਾਸ ਸਾਵਧਾਨੀ ਵਰਤਣ ਦੀ ਲੋੜ ਨਹੀ ਹੈ। ਕਮਿਊਨਿਟੀ ਦੇ ਲੋਕ ਆਮ ਤੌਰ ਤੇ ਠੀਕ ਅਤੇ ਸਿਹਤਮੰਦ ਹੁੰਦੇ ਹਨ ਇਸ ਲਈ ਹਸਪਤਾਲ ਦੇ ਮਰੀਜ਼ਾਂ ਨਾਲੋ ESBL ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਕੱਪੜੇ, ਬਿਸਤਰੇ ਅਤੇ ਬਰਤਨ ਆਮ ਵਾਂਗ ਧੋਤੇ ਜਾ ਸਕਦੇ ਹਨ। ਹੋਰ ਲੋਕਾਂ ਵਿੱਚ ਬੱਗ ਫੈਲਣ ਤੋ ਰੋਕਣ ਲਈ ਇਹ ਹਮੇਸ਼ਾ ਬਹੁਤ ਮਹੱਤਵਪੂਰਨ ਹੁੰਦਾ ਹੈ ਟਾਇਲਟ ਦੀ ਵਰਤੋ ਕਰਨ ਤੋ ਬਾਅਦ ਅਤੇ ਖਾਣਾ ਬਣਾਉਣ ਜਾ ਖਾਣਾ ਖਾਣ ਤੋ ਪਹਿਲਾ ਆਪਣੇ ਹੱਥਾਂ ਨੂੰ ਧਿਆਨ ਨਾਲ ਧੋਣਾ ਚਾਹੀਦਾ ਹੈ। ਸਾਫ਼ ਹੱਥ ਤੁਹਾਨੂੰ ਅਤੇ ਦੂਜਿਆ ਨੂੰ ਬਹੁਤ ਸਾਰੀਆ ਇਨਫੈਕਸ਼ਨ ਤੋ ਬਚਾਉਂਦੇ ਹਨ, ਨਾ ਕਿ ਸਿਰਫ਼ ESBLs ਤੋ।

## ਕੀ ਮੈਨੂੰ ESBLs ਤੋ ਛੁਟਕਾਰਾ ਮਿਲੇਗਾ?

ਜਦੋ ਤੁਸੀ ਠੀਕ ਹੋ ਜਾਂਦੇ ਹੋ ਤਾ ਤੁਹਾਡਾ ਸਰੀਰ ਅੰਤੜੀ ਵਿੱਚੋ ESBL ਨੂੰ ਸਾਫ਼ ਕਰ ਸਕਦਾ ਹੈ, ਪਰ ਅਜਿਹਾ ਹਮੇਸ਼ਾ ਨਹੀ ਹੁੰਦਾ, ਉਹ ਕੁਝ ਸਮੇ ਲਈ ਅੰਤੜੀ ਵਿੱਚ ਰਹਿ ਸਕਦੇ ਹਨ। ਐਂਟੀਬਾਇਓਟਿਕਸ ਲੈਣਾ ਅੰਤੜੀ ਵਿੱਚ ਇਨਫੈਕਸ਼ਨ ਨੂੰ ਦੁਬਾਰਾ ਵਧਣ ਲਈ ਉਤਸ਼ਾਹਿਤ ਕਰ ਸਕਦਾ ਹੈ, ਇਸਲਈ ਇਹਨਾ ਨੂੰ ਸਿਰਫ ਇੱਕ ਬਹੁਤ ਹੀ ਚੰਗੇ ਕਾਰਨ ਕਰਕੇ ਲਿਆ ਜਾਣਾ ਚਾਹੀਦਾ ਹੈ। ESBL ਦੀ ਇਨਫੈਕਸ਼ਨ ਦੇ ਇਲਾਜ ਲਈ ਐਂਟੀਬਾਇਓਟਿਕਸ ਉਪਲਬਧ ਹਨ ਪਰ ਉਹ ਅੰਤੜੀ ਵਿੱਚੋ ESBL ਨੂੰ ਸਾਫ਼ ਨਹੀਂ ਕਰਨਗੇ।

## ਸੰਪਰਕ ਵੇਰਵੇ

ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾ ਹਨ ਤਾ ਕਿਰਪਾ ਕਰਕੇ ਤੁਹਾਡੀ ਦੇਖਭਾਲ ਕਰ ਰਹੇ ਡਾਕਟਰ, ਤੁਹਾਡੇ ਜੀਪੀ ਜਾ ਹਸਪਤਾਲ ਨਾਲ ਗੱਲ ਕਰੋ। ਤੁਸੀ ਇਨਫੈਕਸ਼ਨ, ਪਰੀਵੈਂਸ਼ਨ ਅਤੇ ਕੰਟਰੋਲ ਟੀਮ ਨਾਲ 0121 554 3801 ਤੇ ਸੰਪਰਕ ਕਰ ਸਕਦੇ ਹੋ (ਇਨਫੈਕਸ਼ਨ ਪਰੀਵੈਂਸ਼ਨ ਅਤੇ ਕੰਟਰੋਲ ਸਰਵਿਸ ਲਈ ਪੁੱਛੋ)।

ਜਾਂ ਵਿਕਲਪਿਕ ਤੌਰ ਤੇ, ਕਿਰਪਾ ਕਰਕੇ ਸਾਨੂੰ ਇੱਥੇ ਲਿਖੋ:

Infection Prevention and Control Team
City Hospital
Dudley Road
Birmingham
B18 7QH

## ਹੋਰ ਜਾਣਕਾਰੀ

ਹੋਰ ਜਾਣਕਾਰੀ ਯੂਕੇ ਹੈਲਥ ਸਕਿਉਰਿਟੀ ਏਜੰਸੀ ਦੀ ਵੈੱਬਸਾਈਟ ਤੇ ਪਾਈ ਜਾ ਸਕਦੀ ਹੈ *https://www.gov.uk/government/organisations/uk-health-security-agency*

ਸਾਡੇ ਹਸਪਤਾਲਾਂ ਅਤੇ ਸੇਵਾਵਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈੱਬਸਾਈਟ *www.swbh.nhs.uk* ਦੇਖੋ, Twitter *@SWBHnhs* ਤੇ ਸਾਨੂੰ ਫਾਲੋ ਕਰੋ ਅਤੇ ਸਾਨੂੰ *www.facebook.com/SWBHnhs* ਤੇ ਪਸੰਦ ਕਰੋ।